# ਨੀ ਪੰਜਾਬੀਏ

ਤੇਰੇ ਨਾਲ ਹੋ ਗਿਆ ਤਮਾਸ਼ਾ ਨੀ ਪੰਜਾਬੀਏ
ਕੋਰਟਾਂ ਦੀ ਬਣੀ ਨਾ ਤੂੰ ਭਾਸ਼ਾ ਨੀ ਪੰਜਾਬੀਏ
ਸਾਰੇ ਹੀ ਕਾਨੂਨ ਬਣੀ ਜਾਂਦੇ ਤੇਜੀ ਤੇਜੀ ਵਿਚ
ਫਟਾ ਫਟ ਵਿਚ ਬਣੀ ਜਾਂਦੇ ਅੰਗ੍ਰੇਜ਼ੀ ਵਿਚ
ਸਮਾਂ ਹੀ ਨਹੀਂ ਮਿਲਦਾ ਉਲਥਾ ਕਰਵਾਣ ਦਾ
ਤੇਰਾ ਨਾਲ ਕੀਤੇ ਹੋਏ ਵਾਦੇ ਨੂੰ ਨਿਭਾਨ ਦਾ

ਆਖਦੇ ਸੀ ਸਾਰੇ ਕੰਮ ਹੋਣਗੇ ਪੰਜਾਬੀ ਵਿਚ
ਪਤਾ ਨਹੀਂ ਸੀ ਫੋਕੇ ਨਾਹਰੇ ਲੋਣਗੇ ਪੰਜਾਬੀ ਵਿਚ
ਛੋਟਾ ਜਿਹੇ ਰਹੇ ਗਿਆ ਪੰਜਾਬ ਨੀ ਪੰਜਾਬੀਏ
ਹੋ ਗਿਆ ਸੱਤਾ ਦਾ ਹਿਸਾਬ ਨੀ ਪੰਜਾਬੀਏ
ਲੀਡਰਾਂ ਨੇ ਤੇਰਾ ਲਿਆ ਫਾਇਦਾ ਨੀ ਪੰਜਾਬੀਏ
ਰੁਲ ਗਿਆ ਪਰ ਤੇਰਾ ਕੈਦਾ ਨੀ ਪੰਜਾਬੀਏ

ਆਪਣੇ ਹੀ ਸੂਬੇ ਵਿਚ ਹੋ ਗਈ ਤੂੰ ਬੇਗਾਨੀ ਨੀ

ਕਾਨਵੈਂਤਾਂ ਦੇ ਵਿਚ ਹੋ ਗਈ ਬੇ-ਮਾਨੀ ਨੀ
ਉਥੇ ਤਾਂ ਪੰਜਾਬੀ ਉੱਤੇ ਲੱਗੀ ਹੈ ਪਾਬੰਦੀ ਨੀ
ਇੰਗਲਿਸ਼ ਵਿਚ ਗਲ ਬਾਤ ਲਗੇ ਚੰਗੀ ਨੀ
ਲੀਡਰਾਂ ਦੇ ਬਚੇ ਦੇਹਰਾਦੂਨ ਵਿਚ ਪੜ੍ਹਦੇ
ਲਗਦਾ ਹੈ ਤੇਰਾ ਕੈਦਾ ਪਢਨੇ ਤੋਂ ਡਰਦੇ

ਦੱਸੋ ਕਦੋਂ ਰੋਹ ਵਿਚ ਆਵੋਗੇ ਪੰਜਾਬੀਓ
ਲੀਡਰਾਂ ਨੂੰ ਸਬਕ ਸਿਖਾਵੋਗੇ ਪੰਜਾਬੀਓ
ਤੇਰਾ ਵੀ ਹੈ ਸਬਰ ਮਹਾਨ ਨੀ ਪੰਜਾਬੀਏ
ਤੇਰੇ ਉੱਤੋ ਜਾਵਾਂ ਕੁਰਬਾਨ ਨੀ ਪੰਜਾਬੀਏ
ਉਠ ਖੜੋ ਸਾਰੇ ਕਰੋ ਹੀਲਾ ਵੇ ਪੰਜਾਬੀਓ
ਕਠੇ ਹੋ ਕੇ ਜੋੜੋ ਤੀਲਾ ਤੀਲਾ ਵੇ ਪੰਜਾਬੀਓ
ਆਲਣਾ ਬਨੇਣਾ ਅਸੀਂ ਮੁੜ ਕੇ ਪੰਜਾਬੀ ਦਾ
ਘਰ ਹੈ ਵਸੋਣਾ ਅਸੀਂ ਮੁੜ ਕੇ ਪੰਜਾਬੀ ਦਾ
ਸਿਰ ਮਥੇ ਤੇ ਬਿਠੇਨਾ ਮੁੜ ਕੇ ਪੰਜਾਬੀ ਨੂੰ
ਦੁਨੀਆਂ ਚ ਚ੍ਮ੍ਕੋਣਾ ਮੁੜ ਕੇ ਪੰਜਾਬੀ ਨੂੰ !